# ਬਾਗਬਾਨੀ ਉਤਪਾਦਾਂ ਦੀ ਮੁੱਢਲੀ ਪ੍ਰੋਸੈਸਿੰਗ ਲਈ ਵਿੱਤੀ ਸਹਾਇਤਾ ਸੁਲੱਭ

ਭਾਰਤ ਸਰਕਾਰ ਦਾ ਰਾਸ਼ਟਰੀ ਬਾਗਬਾਨੀ ਬੋਰਡ (ਐਨ ਐਚ ਬੀ) ਦੇਸ਼ ਵਿੱਚ ਵਪਾਰਕ ਬਾਗਬਾਨੀ ਨੂੰ ਹੁਲਾਰਾ ਦੇਣ ਲਈ ਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਯੋਜਨਾਵਾਂ ਚਲਾ ਰਿਹਾ ਹੈ।

ਬੋਰਡ ਪ੍ਰਾਜੈੱਕਟ ਮੋਡ 'ਤੇ ਸੁਰੱਖਿਅਤ ਕਵਰ ਦੇ ਤਹਿਤ ਵਪਾਰਕ ਬਾਗਬਾਨੀ ਵਿਕਾਸ ਪ੍ਰਾਜੈੱਕਟਾਂ ਲਈ ਸਬਸਿਡੀ ਦੇ ਰਿਹਾ ਹੈ।

ਐਨ ਐਚ ਬੀ ਫਲਾਂ, ਸਬਜ਼ੀਆਂ, ਫੁੱਲਾਂ, ਮਹਿਕਦਾਰ ਬੂਟਿਆਂ (ਅਰਕ ਕੱਢਣ ਵਾਲੀਆਂ ਇਕਾਈਆਂ) ਅਤੇ ਕਾਜੂ ਦੀ ਮੁੱਢਲੀ ਪ੍ਰੋਸੈਸਿੰਗ ਲਈ ਸਬਸਿਡੀ ਪ੍ਰਦਾਨ ਕਰ ਰਿਹਾ ਹੈ।

## ਯੋਗ ਫਸਲਾਂ

ਫਲ, ਸਬਜ਼ੀਆਂ, ਫੁੱਲ, ਮਹਿਕਦਾਰ ਬੂਟੇ ਅਤੇ ਕਾਜੂ ਹੀ ਸਬਸਿਡੀ ਲਈ ਯੋਗ ਹਨ।

**ਸਹਾਇਤਾ ਦੀ ਸ਼ੈਲੀ:** 25 ਲੱਖ ਰੁਪਏ ਤੱਕ ਦੀ ਲਾਗਤ ਵਾਲੇ ਪ੍ਰਾਜੈੱਕਟ ਲਈ ਕ੍ਰੈਡਿਟ-ਲਿੰਕਡ ਬੈਕ-ਐਂਡ ਸਬਸਿਡੀ ਆਮ ਖੇਤਰਾਂ ਵਿੱਚ ਪ੍ਰਤੀ ਪ੍ਰਾਜੈੱਕਟ ਦੀ ਕੁੱਲ ਲਾਗਤ ਦਾ 35% ਜਾਂ 8.75 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤੱਕ ਸੀਮਤ ਹੈ। ਉੱਤਰ-ਪੂਰਬੀ ਖੇਤਰ,

ਪਹਾੜੀ ਰਾਜਾਂ ਅਤੇ ਅਨੁਸੂਚਿਤ ਖੇਤਰਾਂ ਲਈ ਸਬਸਿਡੀ ਪ੍ਰਾਜੈੱਕਟ ਲਾਗਤ ਦਾ 50% ਜਾਂ 12.50 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤਕ ਸੀਮਤ ਹੈ। ਲਾਭਪਾਤਰੀਆਂ ਨੂੰ ਮਨੋਨੀਤ ਬੈਂਕਾਂ ਤੋਂ ਕਰਜ਼ਾ ਲੈਣ ਤੋਂ ਬਾਅਦ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

**ਵਿੱਤੀ ਸਹਾਇਤਾ ਲਈ ਯੋਗਤਾ**

ਨਿਜੀ ਵਿਅਕਤੀ, ਕਿਸਾਨ ਉਤਪਾਦਕ/ਖਪਤਕਾਰ ਸਮੂਹ, ਕਿਸਾਨ ਉਤਪਾਦਕ ਸੰਸਥਾਵਾਂ (ਐ ਪੀ ਓ), ਭਾਈਵਾਲੀ/ਮਾਲਕੀਅਤ ਫਰਮਾਂ, ਸਵੈ-ਸਹਾਇਤਾ ਸਮੂਹ (ਐਸ ਐਚ ਜੀ), ਗੈਰ-ਸਰਕਾਰੀ ਸੰਸਥਾਵਾਂ, ਕੰਪਨੀਆਂ, ਕਾਰਪੋਰੇਸ਼ਨਾਂ, ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨਾਂ, ਖੇਤੀਬਾੜੀ ਉਤਪਾਦ ਮਾਰਕੀਟਿੰਗ ਕਮੇਟੀਆਂ, ਮਾਰਕੀਟਿੰਗ ਬੋਰਡ/ਕਮੇਟੀਆਂ, ਮਿਉਂਸਪਲ ਕਾਰਪੋਰੇਸ਼ਨਾਂ/ਕਮੇਟੀਆਂ, ਖੇਤੀ-ਉਦਯੋਗ ਇਕਾਈਆਂ, ਰਾਜ ਖੇਤੀਬਾੜੀ ਯੂਨੀਵਰਸਿਟੀਆਂ (ਐਸ ਏ ਯੂ) ਅਤੇ ਹੋਰ ਸਬੰਧਤ ਖੋਜ ਅਤੇ ਵਿਕਾਸ ਸੰਸਥਾਵਾਂ ਇਸ ਯੋਜਨਾ ਤਹਿਤ ਵਿੱਤੀ ਸਹਾਇਤਾ ਦੇ ਯੋਗ ਹਨ।

ਮੁੱਢਲੀ ਪ੍ਰੋਸੈਸਿੰਗ ਪ੍ਰਾਜੈੱਕਟ ਲਈ ਯੋਗਤਾ ਅਤੇ ਲਾਗਤ ਮਾਪਦੰਡਾਂ ਬਾਰੇ ਵੇਰਵੇ ਐਨ ਐਚ ਬੀ ਦੀ ਵੈੱਬਸਾਈਟ http://www.nhb.gov.in 'ਤੇ ਦਿੱਤੇ ਗਏ ਹਨ।